ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ ਅਧੀਨ ਸਕੱਤਰ/ਤਾਲਮੇਲ(ਬੋਰਡ ਭਾਗ)

ਵੱਲ

1) ਸਾਰੇ ਇੰਜੀਨੀਅਰਜ ਇਨ ਚੀਫ/ਜਨਰਲ ਮੈਨੇਜਰ /
ਮੁੱਖ ਇੰਜੀਨੀਅਰਜ , ਪੰ:ਸ:ਪਾ:ਕਾ:ਲਿਮਟਿਡ ।
2) ਸਾਰੇ ਨਿਗਰਾਨ ਇੰਜੀਨੀਅਰਜ਼, ਪੰ:ਸ:ਪਾ:ਕਾ:ਲਿਮਟਿਡ।

ਮੀਮੋ ਨੰ: 34531/34596 ਬੀਡੀ/ਜੀ-2378 ਵਾ:3 ਲੂਜ
ਮਿਤੀ : 27/4/12

ਵਿਸ਼ਾ: ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:76/52/79 ਸੀ.1(5)/5024 ਮਿਤੀ 11.7.2011 ਦੀ ਪਾਲਣਾ ਲਈ ਹਦਾਇਤਾਂ ਜਾਰੀ ਕਰਨ ਬਾਰੇ।

...........

ਪੰਜਾਬ ਸਰਕਾਰ ਸਹਿਕਾਰਤਾ ਵਿਭਾਗ ਚੰਡੀਗੜ ਤੋ ਪ੍ਰਾਪਤ ਨੋਟੀਫਿਕੇਸਨ ਨੰ: ਨੰ:76/52/79 ਸੀ.1(5)/5024 ਮਿਤੀ 11.7.2011 (ਕਾਪੀ ਨੱਥੀ ਹੈ) ਵਿਚ ਦਰਸਾਈਆਂ ਰਿਆਇਤਾਂ ਨੂੰ ਪ੍ਰਵਾਨ ਕਰ ਲਿਆ ਹੈ ਜਿਸ ਰਾਹੀ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ ਰਾਜ ਵਿਚ ਉਕਤ ਨੋਟੀਫਿਕੇਸ਼ਨ ਵਿਚ ਦਰਸਾਈਆ ਰਿਆਇਤਾਂ ਵਿਚ ਮਿਤੀ 14.8.2014 ਤਕ ਵਾਧਾ ਕਰ ਦਿੱਤਾ ਗਿਆ ਹੈ ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਦਾ ਹੈ ਜੀ ।

ਨੱਥੀ/ਉਪਰੋਕਤ ਅਨੁਸਾਰ

27/4/12

ਅਧੀਨ ਸਕੱਤਰ/ਤਾਲਮੇਲ,
ਪੰ:ਸ:ਪਾ:ਕਾ:ਲਿ:ਪਟਿਆਲਾ ।

**ਪੰਜਾਬ ਸਰਕਾਰ**
**ਸਹਿਕਾਰਤਾ ਵਿਭਾਗ**
**( ਸਹਿਕਾਰਤਾ 1 ਸ਼ਾਖਾ)**

## ਨੋਟੀਫਿਕੇਸ਼ਨ

ਨੰਬਰ 76/52/79-ਸੀ.1(5)/ 5026                                                  ਮਿਤੀ ਚੰਡੀਗੜ੍ਹ 11-7-2011

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 76/52/79-ਸੀ.1(5)/7278 ਮਿਤੀ 13.8.2009 ਦੀ ਨਿਰੰਤਰਤਾ ਵਿਚ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਨੂੰ ਰਾਜ ਵਿਚ ਹੇਠ ਲਿਖੀਆਂ ਰਿਆਇਤਾਂ ਵਿਚ ਮਿਤੀ 14.8.2014 ਤੱਕ ਵਾਧਾ ਕਰਦੇ ਹਨ :-

1. ਕਿਸੇ ਵੀ ਕੀਮਤ ਤੱਕ ਦੇ ਸਾਰੇ ਅਨ-ਸਕਿੱਲਡ ਕੰਮ ਅਤੇ 30.00 ਲੱਖ ਰੁ: ਦੀ ਕੀਮਤ ਤੱਕ ਦੇ ਸਾਰੇ ਸਕਿੱਲਡ ਕੰਮ ਪੀ.ਡਬਲਊ.ਡੀ. ਦੀ ਹਰ ਬ੍ਰਾਂਚ ਦੇ ਸਬੰਧਤ ਨਿਗਰਾਨ ਇੰਜੀਨਿਅਰ ਵੱਲੋ ਨਿਸ਼ਚਿਤ ਸੀਲਿੰਗ ਰੇਟਾਂ ਨਾਲ ਟੈਂਡਰਾਂ ਦੁਆਰਾ ਇਨ੍ਹਾਂ ਸਭਾਵਾਂ ਨੂੰ ਹੀ ਦਿੱਤਾ ਜਾਵੇ ਅਤੇ ਜਿੰਨ੍ਹੀ ਸਮਰੱਥਾ ਤੱਕ ਇਹ ਸਭਾਵਾਂ ਕੰਮ ਕਰ ਸਕਦੀਆਂ ਹੋਣ, ਉਸ ਸਮਰੱਥਾ ਤੱਕ ਦਿੱਤਾ ਜਾਵੇ। ਜੇ ਇਹ ਸਭਾਵਾਂ ਟੈਂਡਰ ਨਾ ਦੇ ਸਕਣ ਜਾਂ ਨਿਸ਼ਚਿਤ ਕੀਤੇ ਸੀਲਿੰਗ ਰੇਟਾਂ ਦੇ ਅੰਦਰ ਅੰਦਰ ਕੰਮ ਨੂੰ ਸਵੀਕਾਰ ਨਾ ਕਰਨ ਤਾਂ ਅਜਿਹਾ ਕੰਮ ਠੇਕੇਦਾਰਾਂ ਅਤੇ ਸਭਾਵਾਂ ਦੋਨ੍ਹਾਂ ਤੋਂ ਖੁਲ੍ਹੇ ਟੈਂਡਰ ਮੰਗ ਕੇ ਕਰਵਾਇਆ ਜਾਵੇ । 30.00 ਲੱਖ ਰੁ: ਤੱਕ ਦੇ ਪੱਕੇ ਕੰਮਾਂ ਦੇ ਜੋ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਂਹੀ ਕਾਲ ਕੀਤੇ ਜਾਣਗੇ, ਉਨ੍ਹਾਂ ਟੈਂਡਰਾਂ ਵਿੱਚ ਸਿਰਫ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਵਿੱਚ ਹੀ ਮੁਕਾਬਲਾ ਕਰਵਾਇਆ ਜਾਵੇਗਾ।

2. ਜੇ ਇੱਕ ਕੰਮ ਲਈ ਇੱਕ ਨਾਲੋਂ ਵੱਧ ਕਿਰਤ ਤੇ ਉਸਾਰੀ ਸਭਾਵਾਂ ਨੇ ਟੈਂਡਰ ਪਾਏ ਹੋਣ, ਤਾਂ ਪ੍ਰਵਾਨ ਹੋਇਆ ਸਭ ਤੋ ਘੱਟ ਰੇਟ ਦੀਆਂ ਦੂਜੀਆਂ ਸਭਾਵਾਂ ਦੀ ਸਮਰੱਥਾ ਤੱਕ ਉਹ ਕੰਮ ਕਰਵਾਉਂਣ ਲਈ ਉਨ੍ਹਾਂ ਤੇ ਵੀ ਲਾਗੂ ਕੀਤਾ ਜਾਵੇਗਾ ਜੋ ਕੰਮ ਬਚੇਗਾ, ਉਹ ਠੇਕੇਦਾਰਾਂ ਅਤੇ ਸਭਾਵਾਂ ਤੋਂ ਖੁਲ੍ਹੇ ਟੈਂਡਰ ਲੈ ਕੇ ਕਰਵਾਇਆ ਜਾਵੇਗਾ।

3. ਕਿਸੇ ਖਾਸ ਸਰਕਲ ਵਿਚ ਜਿਥੇ ਸੀਲਿੰਗ ਰੇਟ ਅਜੇ ਨਿਸ਼ਚਿਤ ਨਾ ਹੋਏ ਹੋਣ ਤਾਂ ਉਥੇ ਸੀਲਿੰਗ ਰੇਟ ਨਿਸ਼ਚਿਤ ਹੋਣ ਤੱਕ ਇਨ੍ਹਾਂ ਸਭਾਵਾਂ ਨੂੰ ਕੰਮ ਦੇਣ ਵੇਲੇ ਪਹਿਲਾਂ ਵਾਂਗ ਹੀ ਜਾਰੀ ਰੱਖਿਆ ਜਾਵੇਗਾ।

4 5.00 ਲੱਖ ਰੁ: ਦੇ ਪੱਕੇ ਕੰਮਾਂ ਲਈ ਬਿਆਨਾ ਰਕਮ ਤੋਂ ਸਭਾਵਾਂ ਨੂੰ ਛੋਟ ਦਿੱਤੀ ਜਾਂਦੀ ਹੈ, ਜੋ ਪੱਕੇ ਕੰਮ 1000000/- ਰੁ: ਕੀਮਤ ਦੇ ਹੋਣਗੇ ਉਹਨ੍ਹਾਂ ਲਈ ਸਭਾ ਤੋਂ ਬਿਆਨਾ ਰਕਮ ਲੋਕ ਨਿਰਮਾਣ ਵਿਭਾਗ ਦੇ ਠੇਕੇਦਾਰਾਂ ਲਈ ਨਿਰਧਾਰਿਤ ਬਿਆਨਾ ਰਕਮ ਦਾ 25% ਲਿਆ ਜਾਵੇਗਾ ਅਤੇ ਜੋ ਪੱਕੇ ਕੰਮ 10.00 ਲੱਖ ਰੁ: ਤੋਂ ਵੱਧ ਕੀਮਤ ਦੇ ਹੋਣਗੇ, ਸਭਾਵਾਂ ਬਿਆਨਾ ਰਕਮ ਲੋਕ ਨਿਰਮਾਣ ਵਿਭਾਗ ਦੇ ਠੇਕੇਦਾਰਾਂ ਲਈ ਨਿਰਧਾਰਿਤ ਬਿਆਨਾ ਰਕਮ ਦਾ 50% ਬਿਨ੍ਹਾਂ ਕਿਸੇ ਬੈਂਕ ਗਰੰਟੀ ਅਤੇ ਸਕਿਊਰਟੀ ਡਿਪਾਜਟ ਦੇ ਅਦਾ ਕਰਨਗੀਆਂ।

5. ਜਦੋਂ ਸਕਿੱਲਡ ਕੰਮ ਅਤੇ ਅਨ-ਸਕਿੱਲਡ ਕੰਮ ਮਿਲਵਾਂ ਹੋਵੇ, ਤਾਂ ਉਸ ਦਾ ਟੈਂਡਰ ਵੱਖ-ਵੱਖ ਲਗਾਉਂਣ ਦੀ ਜਗ੍ਹਾ ਇੱਕਠਾ ਹੀ ਲਗਾਇਆ ਜਾਵੇਗਾ।

6. ਕਿਰਤ ਸਭਾਵਾਂ ਵੱਲੋਂ ਕੀਤੇ ਕੰਮਾਂ ਦੀ ਅਦਾਇਗੀ ਹਰ ਪੰਦਰਵਾੜ੍ਹੇ ਕੀਤੀ ਜਾਵੇ ।

7. ਕਿਰਤ ਤੇ ਉਸਾਰੀ ਸਭਾਵਾਂ ਨੂੰ ਕਿਸੇ ਵੀ ਪ੍ਰਕਾਰ ਦੀ ਲਾਇਸੈਂਸ ਫੀਸ ਤੋਂ ਛੋਟ ਦਿੱਤੀ ਗਈ ਹੈ ।

8. ਕਿਰਤ ਤੇ ਉਸਾਰੀ ਸਭਾਵਾਂ ਨੂੰ ਮੰਨਜੂਰ ਕੀਤੀਆਂ ਰਿਆਇਤਾਂ ਅਰਧ-ਸਰਕਾਰੀ, ਲੋਕਲ ਗੋਰਮਿੰਟ, ਪਬਲਿਕ ਸੈਕਟਰ ਦੀਆਂ ਕਾਰਪੋਰੇਸ਼ਨਾਂ, ਪੰਜਾਬ ਰਾਜ ਬਿਜਲੀ ਬੋਰਡ, ਕੈਨਾਲ ਲਾਇਨਿੰਗ ਵਰਕਸ, ਸਤਲੁੱਜ ਯਮਨਾ ਲਿੰਕ ਕੈਨਾਲ, ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ, ਪੰਜਾਬ ਸਟੇਟ ਪੁਲਿਸ ਹਾਊਸਿੰਗ ਕਾਰਪੋਰੇਸ਼ਨ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.),ਪਨਸਪ, ਪੰਜਾਬ ਐਗਰੋ, ਫੂਡ ਅਤੇ ਸਿਵਲ ਸਪਲਾਈ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਅਤੇ ਵਰਲਡ ਬੈਂਕ ਨਾਲ ਸਬੰਧਤ ਪ੍ਰੋਜੈਕਟ ਆਦਿ ਨਾਲ ਸਬੰਧਤ ਕੰਮਾਂ ਤੇ ਵੀ ਲਾਗੂ ਹੋਣਗੀਆਂ ਅਤੇ ਇਨ੍ਹਾਂ ਸਭਾਵਾਂ ਨੂੰ ਕੰਮ ਪਹਿਲ ਦੇ ਆਧਾਰ ਤੇ ਦਿੱਤੇ ਜਾਣਗੇ ।

9. ਕਿਸੇ ਵੀ ਕੰਮ ਅਲਾਟ ਕਰਨ ਵਾਲੀ ਏਜੰਸੀ ਵੱਲੋਂ ਜਾਰੀ ਕੀਤੇ ਟੈਂਡਰ ਨੋਟਿਸਾਂ ਦੀਆਂ ਕਾਪੀਆਂ ਜਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਸੰਘ ਅਤੇ ਸਬੰਧਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਵੀ ਉਨ੍ਹਾਂ ਦੀ ਸੂਚਨਾਂ ਲਈ ਭੇਜੀਆਂ ਜਾਣਗੀਆਂ ।

10. ਕੰਮ ਦੇਣ ਵਾਲੀਆਂ ਏਜੰਸੀਆਂ ਵੱਲੋਂ ਮਸ਼ੀਨਰੀ ਤੇ ਹੋਰ ਸਾਜ਼ ਸਮਾਨ ਕਿਰਾਏ ਤੇ ਦੇਣ ਵੇਲੇ ਕਿਰਤ ਤੇ ਉਸਾਰੀ ਸਭਾਵਾਂ ਨੂੰ ਦੂਜੀਆਂ ਪ੍ਰਾਈਵੇਟ ਏਜੰਸੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਵੇਗੀ ।

11. ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਸਿਰਫ ਮੁੱਖ ਵਿਭਾਗ (ਪ੍ਰਿੰਸੀਪਲ ਡਿਪਾਰਟਮੈਂਟ) ਯਾਨੀ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਬਿਨ੍ਹਾਂ ਕਿਸੇ ਫੀਸ ਦੇ ਅਦਾਇਗੀ ਕੀਤੇ ਸਿਰਫ ਇੱਕ ਹੀ ਵਿਭਾਗ ਵਿੱਚ ਇਨਲਿਸਟਮੈਂਟ ਕਰਵਾਉਂਣਗੀਆਂ ਜੋ ਬਾਕੀ ਸਮੂਹ ਕੰਮ ਦੇਣ ਵਾਲੇ ਵਿਭਾਗਾਂ ਤੇ ਲਾਗੂ ਹੋਵੇਗੀ। ਪਰੰਤੂ ਇਹ ਸਭਾਵਾਂ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਇਨਲਿਸਟਮੈਂਟ ਕਰਵਾਉਂਦੇ ਹੋਏ ਗਰੇਡੇਸ਼ਨ ਸਿੰਚਾਈ ਵਿਭਾਗ ਦੀ ਤਰ੍ਹਾਂ ਕੀਤੀ ਜਾਵੇ।

ਚੰਡੀਗੜ
ਮਿਤੀ 8-7-2011

ਸੁਰੇਸ਼ ਕੁਮਾਰ,
ਵਿੱਤੀ ਕਮਿਸ਼ਨਰ ਅਤੇ ਸਕੱਤਰ,
ਪੰਜਾਬ ਸਰਕਾਰ, ਸਹਿਕਾਰਤਾ ਵਿਭਾਗ।

ਨੰ: 76/52/79-ਸੀ.1(5)/ 5625 ਮਿਤੀ ਚੰਡੀਗੜ੍ਹ 11-7-2011

ਉਪਰੋਕਤ ਦਾ ਉਤਾਰਾ ਸਮੇਤ ਸਪੇਅਰ ਕਾਪੀਆ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਸਰਕਾਰ ਦੇ ਗਜਟ ਵਿਚ ਛਾਪਣ ਲਈ ਭੇਜਿਆ ਜਾਂਦਾ ਹੈ।
ਬੇਨਤੀ ਕੀਤੀ ਜਾਂਦੀ ਹੈ ਕਿ ਗਜਟ ਨੋਟੀਫਿਕੇਸ਼ਨ ਦੀਆਂ 50 ਕਾਪੀਆਂ ਇਸ ਵਿਭਾਗ ਨੂੰ ਭੇਜੀਆਂ ਜਾਣ ।

ਵਧੀਕ ਸਕੱਤਰ, ਸਹਿਕਾਰਤਾ
11/7/11

ਨੰ: 76/52/79-ਸੀ.1(5)/ 5626 ਮਿਤੀ ਚੰਡੀਗੜ੍ਹ 11-7-2011

ਉਪਰੋਕਤ ਦਾ ਉਤਾਰਾ:

1. ਮੁੱਖ ਇੰਜੀਨੀਅਰ, ਜਨ ਸਿਹਤ, ਪਟਿਆਲਾ।
2. ਮੁੱਖ ਇੰਜੀਨੀਅਰ, ਬਿਲਡਿੰਗ ਅਤੇ ਰੋਡ, ਪਟਿਆਲਾ।
3. ਮੁੱਖ ਇੰਜੀਨੀਅਰ, ਸਿੰਚਾਈ ਵਿਭਾਗ, ਹਾਈਡਲ ਬਿਲਡਿੰਗ ਸੈਕਟਰ-18, ਚੰਡੀਗੜ੍ਹ ।
4. ਜਨਰਲ ਮੈਨੇਜਰ, ਨਾਰਦਨ ਰੇਲਵੇ, ਬੜ੍ਹੌਦਾ ਹਾਊਸ, ਨਵੀਂ ਦਿੱਲੀ।
5. ਮੁੱਖ ਇੰਜੀਨੀਅਰ, ਸੀ.ਪੀ.ਡਬਲਓ.ਡੀ., ਚੰਡੀਗੜ੍ਹ ।
6. ਮੁੱਖ ਇੰਜੀਨੀਅਰ, ਕੈਨਾਲ ਲਾਈਨਿੰਗ, ਪੰਜਾਬ, ਚੰਡੀਗੜ੍ਹ।
7. ਮੁੱਖ ਇੰਜੀਨੀਅਰ, ਸੱਤਲੁਜ ਯਮਨਾ ਲਿੰਕ ਕੈਨਾਲ, ਪੰਜਾਬ, ਚੰਡੀਗੜ੍ਹ।
8. ਚੇਅਰਮੈਨ, ਪੰਜਾਬ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ, ਚੰਡੀਗੜ੍ਹ।
9. ਚੇਅਰਮੈਨ, ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ, ਚੰਡੀਗੜ੍ਹ।
10. ਚੇਅਰਮੈਨ, ਪੰਜਾਬ ਰਾਜ ਬਿਜਲੀ ਬੋਰਡ, ਪਟਿਆਲਾ ।
11. ਚੇਅਰਮੈਨ, ਭਾਖੜਾ ਬਿਆਸ ਮੇਨੇਜਮੈਂਟ ਬੋਰਡ, ਚੰਡੀਗੜ੍ਹ।
12. ਚੇਅਰਮੈਨ, ਪੰਜਾਬ ਐਗਰੋ, ਚੰਡੀਗੜ੍ਹ ।
13. ਪ੍ਰਬੰਧਕ ਨਿਰਦੇਸ਼ਕ, ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ, ਚੰਡੀਗੜ੍ਹ।
14 ਚੇਅਰਮੈਨ, ਪਨਸਪ, ਚੰਡੀਗੜ੍ਹ।
15. ਪ੍ਰਬੰਧਕ ਨਿਰਦੇਸ਼ਕ, ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ, ਚੰਡੀਗੜ੍ਹ।
16 ਸਕੱਤਰ, ਫੂਡ ਸਪਲਾਈ, ਪੰਜਾਬ, ਚੰਡੀਗੜ੍ਹ।

17. ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
18. ਚੇਅਰਮੈਨ, ਪੰਜਾਬ ਰਾਜ ਸਹਿਕਾਰੀ ਕਿਰਤ ਤੇ ਉਸਾਰੀ ਫੈਡਰੇਸ਼ਨ ਲਿਮ:,ਐਸ.ਸੀ.ਓ.ਨੰ:2, ਫੇਜ਼-2, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ।
19. ਚੇਅਰਮੈਨ, ਦੀ ਹੁਸ਼ਿਆਰਪੁਰ ਜਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮ:, ਬਹਾਦਰਪੁਰ ਚੌਂਕ, ਹੁਸ਼ਿਆਰਪੁਰ।
20. ਚੇਅਰਮੈਨ, ਦੀ ਬਠਿੰਡਾ ਜਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨ ਲਿਮ:, 389-ਪਾਵਰ ਹਾਊਸ ਰੋਡ, ਬਠਿੰਡਾ ।

ਨੂੰ ਇਸ ਵਿਭਾਗ ਦੇ ਨੋਟੀਫਿਕੇਸ਼ਨ ਨੰਬਰ ਪਿੱ:ਅੰ:ਨੰ:76/52/79-ਸੀ.1/(5)7280 ਮਿਤੀ 13.8.2009 ਦੇ ਹਵਾਲੇ ਵਿਚ ਸੂਚਨਾਂ ਹਿੱਤ ।

ਵਧੀਕ ਸਕੱਤਰ, ਸਹਿਕਾਰਤਾ

ਉਪਰੋਕਤ ਦਾ ਉਤਾਰਾ:-

1. ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ।
2. ਸਕੱਤਰ, ਪੰਜਾਬ ਸਰਕਾਰ, ਸਥਾਨਿਕ ਸਰਕਾਰ ਵਿਭਾਗ, ਚੰਡੀਗੜ੍ਹ।

ਨੂੰ ਇਸ ਵਿਭਾਗ ਦੇ ਨੋਟੀਫਿਕੇਸ਼ਨ ਨੰਬਰ ਪਿੱ:ਅੰ:ਨੰ: 76/52/79-ਸੀ.1(5)/7281 ਮਿਤੀ 13.8.2009 ਦੇ ਹਵਾਲੇ ਵਿਚ ਸੂਚਨਾਂ ਹਿੱਤ ।

ਵਧੀਕ ਸਕੱਤਰ, ਸਹਿਕਾਰਤਾ

ਸੇਵਾ ਵਿਖੇ

1. ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ।
2. ਸਕੱਤਰ, ਪੰਜਾਬ ਸਰਕਾਰ, ਸਥਾਨਿਕ ਸਰਕਾਰ ਵਿਭਾਗ, ਚੰਡੀਗੜ੍ਹ।

ਅੰ:ਵਿ:ਪੱ:ਨੰ: 76/52/79-ਸੀ.1(5)/ 6027 — ਮਿਤੀ ਚੰਡੀਗੜ੍ਹ 11-7-2011

ਉਪਰੋਕਤ ਦਾ ਉਤਾਰਾ:-

1. ਸਕੱਤਰ, ਸਹਿਕਾਰਤਾ ਮੰਤਰੀ, ਪੰਜਾਬ, ਚੰਡੀਗੜ੍ਹ,
2. ਨਿਜੀ ਸਕੱਤਰ, ਵਿੱਤੀ ਕਮਿਸ਼ਨਰ, ਸਹਿਕਾਰਤਾ ,

ਸਹਿਕਾਰਤਾ ਮੰਤਰੀ ਅਤੇ ਵਿੱਤੀ ਕਮਿਸ਼ਨਰ, ਸਹਿਕਾਰਤਾ ਜੀ ਦੀ ਸੂਚਨਾਂ ਲਈ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ, ਸਹਿਕਾਰਤਾ

ਸੇਵਾ ਵਿਖੇ

1. ਸਕੱਤਰ, ਸਹਿਕਾਰਤਾ ਮੰਤਰੀ, ਪੰਜਾਬ,
2. ਨਿਜੀ ਸਕੱਤਰ, ਵਿੱਤੀ ਕਮਿਸ਼ਨਰ, ਸਹਿਕਾਰਤਾ,

ਅੰ:ਵਿ:ਪੱ:ਨੰ: 76/52/79-ਸੀ.1(5)/ 5028 — ਮਿਤੀ ਚੰਡੀਗੜ੍ਹ 11-7-2011
ਪਿੰ:ਅੰ:ਨੰ:76/52/79-ਸੀ.1(5)/ 5029 — ਮਿਤੀ ਚੰਡੀਗੜ੍ਹ 11-7-2011

ਉਪਰੋਕਤ ਦਾ ਇਕ ਉਤਾਰਾ ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਨੂੰ ਇਸ ਵਿਭਾਗ ਦੇ ਪਿੰ:ਅੰ:ਨੰ:76/52/79-ਸੀ.1(5)/7282 ਮਿਤੀ 13.8.2009 ਦੇ ਹਵਾਲੇ ਵਿਚ ਸੂਚਨਾਂ ਹਿੱਤ।

ਵਧੀਕ ਸਕੱਤਰ, ਸਹਿਕਾਰਤਾ